# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।
## ਪ੍ਰੈਸ ਨੋਟ

### ਲਾਇਬ੍ਰੇਰੀ ਦੇ ਨਵੀਨੀਕਰਨ ਦੇ ਕੰਮ ਦਾ ਮੇਅਰ ਸ਼ਿਵ ਸੂਦ ਨੇ ਲਿਆ ਜਾਇਜਾ

ਹੁਸ਼ਿਆਰਪੁਰ 22 ਫਰਵਰੀ- ਨਗਰ ਨਿਗਮ ਹੁਸ਼ਿਆਰਪੁਰ ਦੀ ਘੰਟਾ ਘਰ ਦੇ ਨਜਦੀਕ ਸਥਿਤ ਮਿਊਂਸਪਲ ਲਾਇਬ੍ਰੇਰੀ ਲਾਲਾ ਲਛਮਨ ਦਾਸ ਸੂਦ ਵੱਲੋਂ ਸਾਲ 1938 ਵਿਚ ਬਣਾਈ ਗਈ ਇਮਾਰਤ ਵਿਚ ਚਲਾਈ ਜਾ ਰਹੀ ਹੈ ਜਿਸ ਦੀ ਹਾਲਤ ਕਾਫੀ ਖਰਾਬ ਹੋਣ ਕਾਰਨ ਇਸ ਵਿਚ ਅਖਬਾਰਾਂ ਪੜ੍ਹਨ ਲਈ ਆਉਣ ਵਾਲੇ ਲੋਕਾਂ ਵੱਲੋਂ ਇਸ ਵਿਚ ਬੁਨੀਆਦੀ ਸਹੂਲਤਾਂ ਦੇਣ ਦੀ ਮੰਗ ਕੀਤੀ ਜਾ ਰਹੀ ਸੀ। ਲੋਕਾਂ ਦੀ ਮੰਗ ਨੂੰ ਦੇਖਦੇ ਹੋਏ ਇਸ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ। ਨਵੀਨੀਕਰਨ ਦੇ ਚੱਲ ਰਹੇ ਕੰਮ ਦੀ ਜਾਣਕਾਰੀ ਲੈਣ ਲਈ ਮੇਅਰ ਸ਼ਿਵ ਸੂਦ ਨੇ ਦੌਰਾ ਕੀਤਾ। ਕਾਰਜ ਸਾਧਕ ਅਫਸਰ ਰਮੇਸ਼ ਕੁਮਾਰ, ਕਾਰਜਕਾਰੀ ਇੰਜੀਨੀਅਰ ਸਤੀਸ਼ ਸੈਣੀ, ਇੰਸਪੈਕਟਰ ਜਨਕ ਰਾਜ, ਵਿਨੋਦ ਪਰਮਾਰ, ਕੌਂਸਲਰ ਨਿਪੁਨ ਸ਼ਰਮਾ, ਰਮੇਸ਼ ਕੁਮਾਰ ਠਾਕੁਰ ਵੀ ਇਸ ਮੌਕੇ ਤੇ ਉਹਨਾਂ ਦੇ ਨਾਲ ਸਨ। ਮੇਅਰ ਸ਼ਿਵ ਸੂਦ ਨੇ ਦੱਸਿਆ ਕਿ ਇਸ ਪੁਰਾਤਨ ਇਮਾਰਤ ਦਾ ਮੁੱਢਲਾ ਢਾਚਾ ਕਾਇਮ ਰੱਖਦੇ ਹੋਏ ਇਸ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ। ਇਸ ਲਾਇਬ੍ਰੇਰੀ ਦੇ ਰੀਡਿੰਗ ਰੂਮ ਦੇ ਨਵੀਨਕਰਨ ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਜਿਸ ਵਿੱਚ ਆਧੁਨਿਕ ਸੁਵਿਧਾਵਾਂ ਵੀ ਮੁਹੱਈਆਂ ਕਰਵਾਈਆਂ ਗਈਆਂ ਹਨ। ਲਾਇਬ੍ਰੇਰੀ ਵਿਚ ਨਵੀਆਂ ਕੁਰਸੀਆਂ, ਟੇਬਲ, ਕਿਤਾਬਾਂ ਰੱਖਣ ਲਈ ਅਲਮਾਰੀਆਂ ਆਦਿ ਵੀ ਮੁੱਹਈਆ ਕਰਵਾਈਆਂ ਗਈਆ ਹਨ ਅਤੇ ਲਾਇਬ੍ਰੇਰੀ ਦੇ ਰਿਕਾਰਡ ਰੂਮ ਦੇ ਨਵੀਨੀਕਰਨ ਦਾ ਕੰਮ ਵੀ ਪ੍ਰਗਤੀ ਅਧੀਨ ਹੈ ਅਤੇ ਇਸ ਨੂੰ ਜਲਦੀ ਹੀ ਮੁਕੰਮਲ ਕਰ ਲਿਆ ਜਾਵੇਗਾ।